


# ਜ਼ਾਮਾ ਮਹਾਨ ਹੈ!


Michael Oguttu
Vusi Malindi
Anu Gill
Punjabi
Level 2




ਮੇਰਾ ਛੋਟਾ ਭਰਾ ਵੱਡੀ ਰਾਤ ਨੂੰ ਸੌਂਦਾ ਹੈ। ਮੈਂ ਸਵੇਰੇ ਜਾਗਦਾ ਹਾਂ, ਕਿਉਂਕਿ ਮੈਂ ਮਹਾਨ ਹਾਂ।




ਮੈਂ ਹੀ ਸੂਰਜ ਦਾ ਸੁਆਗਤ ਕਰਦਾ ਹਾਂ।




“ਤੂੰ ਮੇਰਾ ਸਵੇਰ ਦਾ ਸਿਤਾਰਾ ਹੈ,” ਮਾਂ ਕਹਿੰਦੀ ਹੈ।




ਮੈਂ ਆਪਣੇ ਆਪ ਨਹਾਉਦਾਂ ਹਾਂ, ਮੈਨੂੰ ਕੋਈ ਵੀ ਮਦਦ ਦੀ ਲੋੜ ਨਹੀਂ।



ਮੈਂ ਠੰਡੇ ਪਾਣੀ ਅਤੇ ਨੀਲੇ ਬਦਬੂਦਾਰ ਸਾਬਣ ਨੂੰ ਝੱਲ ਸਕਦਾ ਹਾਂ।



ਮਾਂ ਯਾਦ ਦਿਲਾਉਂਦੀ, “ਦੰਦਾਂ ਨੂੰ ਨਾ ਭੁੱਲਣਾ।” ਮੈਂ ਜਵਾਬ ਦਿੱਤਾ, “ਕਦੇ ਵੀ ਨਹੀਂ, ਮੈਂ ਨਹੀਂ ਭੁੱਲਦਾ!”




ਨਹਾਉਣ ਤੋਂ ਬਾਅਦ, ਮੈਂ ਦਾਦਾ ਜੀ ਅਤੇ ਅੰਟੀ ਨੂੰ ਨਮਸਕਾਰ ਕਰਦਾ ਹਾਂ, ਅਤੇ ਉਹਨਾਂ ਲਈ ਅੱਛੇ ਦਿਨ ਦੀ ਖ਼ਾਹਿਸ਼ ਕਰਦਾ ਹਾਂ।




ਫਿਰ ਮੈਂ ਆਪਣੇ ਆਪ ਕੱਪੜੇ ਪਾਉਂਦਾ ਹਾਂ, “ਹੁਣ ਮੈਂ ਵੱਡਾ ਹੋ ਗਿਆ ਹਾਂ ਮਾਂ,” ਮੈਂ ਕਿਹਾ।




ਮੈਂ ਮੇਰੇ ਬਟਨ ਬੰਦ ਕਰ ਸਕਦਾ ਹਾਂ ਅਤੇ ਮੇਰੀ ਜੁੱਤੀ ਦੇ ਫੀਤੇ ਬੰਨ੍ਹ ਸਕਦਾ ਹਾਂ।



ਮੈਂ ਯਕੀਨ ਬਣਾਉਂਦਾ ਹਾਂ ਕਿ ਮੇਰੇ ਛੋਟੇ ਭਰਾ ਨੂੰ ਸਕੂਲ ਦੀ ਸਾਰੀ ਖਬਰ ਦਾ ਪਤਾ ਹੋਵੇ।




ਕਲਾਸ ਵਿਚ ਮੈਂ ਆਪਣੀ ਪੂਰੀ ਕੋਸ਼ਿਸ ਕਰਦਾ ਹਾਂ।



ਮੈਂ ਹਰ ਦਿਨ ਇਹ ਸਾਰੇ ਕੰਮ ਕਰਦਾ ਹਾਂ। ਪਰ ਮੈਨੂੰ ਸਭ ਤੋਂ ਜ਼ਿਆਦਾ ਖੇਡਣਾ ਪਸੰਦ ਹੈ!

# Storybooks UK

global-asp.github.io/storybooks-uk

## ਜ਼ਾਮਾ ਮਹਾਨ ਹੈ!

Written by: Michael Oguttu
Illustrated by: Vusi Malindi
Translated by: Anu Gill

This story originates from the African Storybook (africanstorybook.org) and is brought to you by Storybooks UK in an effort to provide children's stories in UK's many languages.

This work is licensed under a Creative Commons
Attribution 3.0 International License.